**H.C. ARORA**

Advocate
**Punjab & Haryana High Court**

H. No. 2299,
Sector 44-C,
Chandigarh-160045

Mobile: 9814013764

Emails Addresses:-
hcarora.highcourt@gmail.com

ਮਿਤੀ : 5.2.2019

ਸ਼ਿਰੀ ਕਰਨ ਅਵਤਾਰ ਸਿੰਘ ਜੀ,
ਮੁਖ ਸਕੱਤਰ,
ਪੰਜਾਬ ਸਰਕਾਰ,
ਪੰਜਾਬ ਸਿਵਿਲ ਸਕੱਤਰੇਤ,
ਚੰਡੀਗੜ੍ਹ !

**ਈ -ਮੇਲ ਰਾਹੀਂ**

**ਵਿਸ਼ਾ: ਪੰਜਾਬ ਅਧਿਕਾਰਿਤ ਭਾਸ਼ਾ (ਸੋਧ) ਐਕਟ, 2008 ਦੀ ਮੂਲ ਭਾਵਨਾ ਅਨੁਸਾਰ ਟ੍ਰੇਲ-ਮੇਲ ਵੀ ਪੰਜਾਬੀ ਭਾਸ਼ਾ ਵਿਚ ਲਿਖ ਬਾਰੇ !**

ਆਪ ਜੀ ਵਲੋਂ ਹਰ ਰੋਜ ਸੈਂਕੜੇ ਟ੍ਰੇਲ-ਮੇਲਾਂ , ਜਨਤਾ ਵਲੋਂ ਮਿਲੇ ਬੇਨਤੀ-ਪੱਤਰਾਂ ਸਮੇਤ, ਸਬੰਧਤ ਅਧਿਕਾਰੀਆਂ ਨੂੰ ਉਚਿਤ ਕਾਰਵਾਈ ਕਰਨ ਲਈ ਭੇਜੀਆਂ ਜਾਂਦੀਆਂ ਹਨ, ਅੰਗਰੇਜ਼ੀ ਭਾਸ਼ਾ ਵਿਚ, ਭੇਜੀਆਂ ਜਾਂਦੀਆਂ ਹਨ , ਜਿਹਨਾਂ ਦਾ ਮਜ਼ਮੂਨ ਹੇਠ ਲਿਖੇ ਅਨੁਸਾਰ ਹੁੰਦਾ ਹੈ :-

Dear Sir/Madam,
Please find below the trailing email received in the Chief Minister Office pertaining to your Department. You are requested to take immediate action as per Government rules/policy in the matter. Please inform the sender, who is copied on the email, about the action taken under intimation to this office at the earliest.

With Regards,

Secy./CM
CMO

ਮੇਰਾ ਆਪ ਜੀ ਨੂੰ ਨਿਮਰਤਾ ਸਾਹਿਤ ਸੁਝਾ ਹੈ ਕਿ ਜੇਕਰ ਟ੍ਰੇਲ-ਮੇਲ ਨੂੰ ਪੰਜਾਬੀ ਭਾਸ਼ਾ ਵਿਚ ਲਿਖ ਕੇ ਭੇਜਿਆ ਜਾਵੇ ਤਾਂ ਆਪ ਜੀ ਵਲੋਂ ਦਿੱਤੇ ਜਾਣ ਵਾਲਾ ਅਜਿਹਾ "ਉਦਾਹਰਣ ਰਾਹੀ ਅਗਵਾਈ ਕਰਨ ਵਾਲਾ ਸੰਕੇਤ " ਰਾਜ ਭਾਸ਼ਾ ਪੰਜਾਬੀ ਦੇ ਵਿਕਾਸ ਵਿਚ ਇਕ ਮੀਲ-ਪੱਥਰ ਸਾਬਤ ਹੋਵੇਗਾ ! ਟ੍ਰੇਲ-ਮੇਲ ਦਾ ਪੰਜਾਬੀ ਅਨੁਵਾਦ ਹੇਠਾਂ ਲਿਖ ਰਿਹਾ ਹਾਂ :-

"ਪਿਆਰੇ ਸ਼ਿਰੀ ਮਾਨ /ਸ਼ਿਰੀ ਮਤੀ /ਕੁਮਾਰੀ,

ਮੁਖ ਮੰਤਰੀ ਸਾਹਿਬ ਦੇ ਦਫਤਰ ਵਿਚ ਪ੍ਰਾਪਤ ਹੋਈ , ਆਪ ਦੇ ਵਿਭਾਗ ਨਾਲ ਸੰਬੰਧਤ, ਟਰੈਲਿੰਗ ਈ- ਮੇਲ ਦੀ ਨਕਲ ਨਾਲ ਨੱਥੀ ਕੀਤੀ ਗਈ ਹੈ !ਆਪ ਜੀ ਨੂੰ ਬੇਨਤੀ ਹੈ ਕਿ ਇਸ ਵਿਸ਼ੇ ਉੱਤੇ ਸਰਕਾਰੀ ਨਿਯਮਾਂ/ਵਿਚਾਰ-ਵਿਧੀ ਅਨੁਸਾਰ ਤੁਰਤ ਕਾਰਵਾਈ ਕੀਤੀ ਜਾਵੇ ! ਕੀਤੀ ਗਈ ਕਾਰਵਾਈ ਬਾਰੇ, ਈ-ਮੇਲ ਭੇਜਣ ਵਾਲੇ ਵਿਅਕਤੀ ਨੂੰ, ਜਿਸ ਦਾ ਸਿਰਨਾਵਾਂ ਈ-ਮੇਲ ਵਿਚ ਦਿੱਤਾ ਹੋਇਆ ਹੈ, ਜਾਣੂ ਕਰਵਾਇਆ ਜਾਵੇ, ਅਤੇ ਇਸ ਬਾਰੇ ਇਸ ਦਫਤਰ ਨੂੰ ਵੀਜਾਣੂ ਕਰਵਾਇਆ ਜਾਵੇ !
ਸਤਕਾਰ ਸਹਿਤ,

ਸਕੱਤਰ /ਮੁਖ ਮੰਤਰੀ
ਮੁਖ ਮੰਤਰੀ ਦਫਤਰ "

ਉਚਿੱਤ ਕਾਰਵਾਈ ਦੀ ਆਸ ਵਿਚ,

ਆਪ ਜੀ ਦਾ ਸ਼ੁਭ ਚਿੰਤਕ ,

(ਹਰੀ ਚੰਦ ਅਰੋੜਾ)
ਵਕੀਲ (ਅਤੇ ਪੰਜਾਬੀ ਪ੍ਰੇਮੀ)